# ਸੇਵਾਵਾਂ

## ਘਰਾਂ ਦਾ ਕੂੜਾ ਕਚਰਾ ਚੁਕਣਾ

ਬਿਫ਼ਾ ਲੈਸਟਰ ਲਿਮਿਟਿਡ (Biffa Leicester Ltd) ਲੈਸਟਰ ਸ਼ਹਿਰ ਦੇ ਸਾਰੇ 117,000 ਘਰਾਂ ਦਾ ਕੂੜਾ ਕਚਰਾ ਹਫ਼ਤੇਵਾਰ ਚੁੱਕਣ ਲਈ ਜ਼ਿਮੇਵਾਰ ਹੈ। ਲੈਸਟਰ ਸਿਟੀ ਕੌਂਸਲ ਨਾਲ ਮਿਲਕੇ ਅਸੀਂ ਫ਼ਰਵਰੀ-ਮਾਰਚ 2004 ਤੋਂ ਲੈਸਟਰ ਦੇ ਵਾਸੀਆਂ ਲਈ ਹਰੇ ਬੈਗ ਦੀ ਸਕੀਮ ਦੀ ਥਾਂ ਇਕ ਰੀਸਾਈਕਲਿੰਗ ਬਾਕਸ ਸੇਵਾ ਸ਼ੁਰੂ ਕੀਤੀ ਹੈ।

## ਖ਼ਾਲੀ ਨਾਂਹ ਕੀਤੇ ਗਏ ਬਿੱਨ

ਜੇ ਤੁਹਾਡੇ ਕੂੜੇ ਵਾਲੇ ਬਿੱਨ 'ਚੋਂ ਨਿਸਚਤ ਦਿਨ ਨੂੰ ਕੂੜਾ ਨਹੀਂ ਕਢਿਆ ਜਾਂਦਾ, ਤਾਂ ਕਿਰਪਾ ਕਰਕੇ ਵੇਸਟ ਮੈਨੇਜਮੈਂਟ ਸਰਵਿਸ (ਕੂੜਾ ਪ੍ਰਬੰਧਨ ਸੇਵਾ) ਨਾਲ 0116 252 7002 'ਤੇ ਸੰਪਰਕ ਕਰੋ। ਸ਼ਿਕਾਇਤ ਮਿਲਣ 'ਤੇ ਅਸੀਂ ਅਗਲੇ ਕਾਰਜ ਦਿਨ ਦੇ ਅੰਤ ਤਕ ਕੂੜਾ ਚੁਕਵਾਉਣ ਦਾ ਪ੍ਰਬੰਧ ਕਰਨ ਲਈ ਜਤਨ ਕਰਾਂਗੇ।

## ਰੀਸਾਈਕਲਿੰਗ ਬਾਕਸ ਸਰਵਿਸ

ਰੀਸਾਈਕਲਿੰਗ ਬਾਕਸ ਸਰਵਿਸ ਦੁਆਰਾ ਵਾਸੀਆਂ ਨੂੰ ਸ਼ੀਸ਼ੇ, ਕਾਗਜ਼ ਅਤੇ ਪਲਸਾਟਿਕ ਨੂੰ ਰੀਸਾਈਕਲ ਕਰਨ ਅਤੇ ਪਰਿਆਵਰਣ ਨੂੰ ਸਵੱਛ ਰਖਣ ਵਿੱਚ ਯੋਗਦਾਨ ਦਾ ਮੌਕਾ ਮਿਲਦਾ ਹੈ। ਲੋਕਾਂ ਨੂੰ ਰੀਸਾਈਕਲ ਕੀਤਾ ਜਾਣ ਵਾਲਾ ਆਪਣਾ ਰੱਦੀ ਸਾਮਾਨ ਇਕਤੱਰ ਕਰਨ ਲਈ ਰੀਸਾਈਕਲ ਕੀਤੇ ਗਏ ਪਲਾਸਟਿਕ ਦਾ ਬਣਿਆ 55 ਲੀਟਰ ਦਾ ਇਕ ਨਵਾਂ ਬਾਕਸ ਮੁਫ਼ਤ ਮੁਹੱਈਆ ਕੀਤਾ ਗਿਆ ਹੈ। ਰੀਸਾਈਕਲ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਨੂੰ ਸੜਕ ਦੇ ਕੰਢੇ ਵਖ ਵਖ ਕੀਤਾ ਜਾਂਦਾ ਹੈ ਅਤੇ ਵਖ ਵਖ ਕੰਪਾਰਟਮੈਂਟਾਂ ਵਾਲੇ ਵਿਸ਼ੇਸ਼ ਵਾਹਣਾਂ ਵਿੱਚ ਲੱਦਿਆ ਜਾਂਦਾ ਹੈ।

| ਚੀਜ਼ਾਂ ਜੋ ਤੁਸੀਂ ਬਾਕਸ ਵਿੱਚ ਪਾ ਸਕਦੇ ਹੋ<br>✔ | ਚੀਜ਼ਾਂ ਜੋ ਤੁਸੀਂ ਬਾਕਸ ਵਿੱਚ ਨਹੀਂ ਪਾ ਸਕਦੇ<br>✘ |
|---|---|
| **ਸ਼ੀਸ਼ਾ**<br>(ਬੋਤਲਾਂ ਅਤੇ ਜਾਰ, ਕੈਪਸ/ਢਕਣਾਂ ਤੋਂ ਬਗ਼ੈਰ)<br><br>**ਕਾਗ਼ਜ਼**<br>(ਅਖ਼ਬਾਰਾਂ, ਮੈਗਜ਼ੀਨਾਂ, ਰੱਦੀ ਡਾਕ ਅਤੇ ਕੈਟਾਲਾਗ)<br><br>**ਪਲਾਸਟਿਕ**<br>(ਦੁਧੱ ਅਤੇ ਪੀਣ ਵਾਲੇ ਪਦਾਰਥਾਂ ਦੀਆਂ ਬੋਤਲਾਂ)<br>ਪਲਾਸਟਿਕ ਦੀਆਂ ਬੋਤਲਾਂ 'ਤੇ ਇਨ੍ਹਾਂ ਚਿੰਨ੍ਹਾਂ ਦਾ ਧਿਆਨ ਕਰੋ<br>♳ ਜਾਂ ♴<br>ਬਾਕਸ ਵਿੱਚ ਪਾਉਣ ਤੋਂ ਪਹਿਲਾਂ ਇਨ੍ਹਾਂ ਨੂੰ ਦਬਾਅ ਕੇ ਮਰੋੜ ਦਿਉ | **ਟੁੱਟਾ ਹੋਇਆ ਸ਼ੀਸ਼ਾ/ਪਾਇਰੈਕਸ**<br><br>**ਲਫ਼ਾਫ਼ੇ / ਗੱਤੇ**<br><br>**ਯੈਲੋ ਪੇਜਿਜ਼ / ਕਿਤਾਬਾਂ**<br><br>**ਕੈਨ**<br><br>**ਪਲਾਸਟਿਕ ਦੀਆਂ ਹੋਰ ਚੀਜ਼ਾਂ** |

**ਯਾਦ ਰਖੋ...**

- ਇਹ ਸਰਵਿਸ ਹਫ਼ਤੇਵਾਰ ਹੈ ਅਤੇ ਰੀਸਾਈਕਲਿੰਗ ਬਾਕਸ ਉਸ ਦਿਨ ਖ਼ਾਲੀ ਕੀਤਾ ਜਾਂਦਾ ਹੈ, ਜਿਸ ਦਿਨ ਤੁਹਾਡੇ ਪਹੀਏਦਾਰ ਬਿੱਨ ਵਿਚੋ ਕੂੜਾ ਕਚਰਾ ਚੁਕਿਆ ਜਾਂਦਾ ਹੈ।

- ਜੇ ਰੀਸਾਈਕਲਿੰਗ ਬਾਕਸ ਵਿੱਚ ✔ ਨਿਸ਼ਾਨ ਵਾਲੀ ਲਿਸਟ ਦੀਆਂ ਚੀਜ਼ਾਂ ਨੂੰ ਛਡਕੇ ਕੋਈ ਹੋਰ ਚੀਜ਼ਾਂ ਪਈਆਂ ਹੋਣਗੀਆਂ, ਤਾਂ ਉਹ ਨਹੀਂ ਲਿਜਾਈਆਂ ਜਾਣਗੀਆਂ।

- ਕਿਰਪਾ ਕਰਕੇ ਆਪਣਾ ਰੀਸਾਈਕਲਿੰਗ ਬਾਕਸ ਸਵੇਰੇ 7 ਵਜੇ ਤਕ ਬਾਹਰ ਰਖ ਦਿਉ।

- ਕਿਰਪਾ ਕਰਕੇ ਕੈਨ ਅਤੇ ਡੱਬੇ ਪਹੀਏਦਾਰ ਬਿਨੱ ਵਿੱਖ ਪਾਉ, ਕਿਉਂਕਿ ਕੂੜੇ ਵਿਚੋਂ ਧਾਤ ਦੀਆਂ ਬਣੀਆਂ ਚੀਜ਼ਾਂ ਵਖ ਕਰਕੇ ਸਾਡੇ ਰੀਸਾਈਕਲਿੰਗ ਸੈਂਟਰ ਵਿੱਚ ਰੀਸਾਈਕਲ ਕੀਤੀਆਂ ਜਾਂਦੀਆਂ ਹਨ। ਕਿਰਪਾ ਕਰਕੇ ਯੈਲੋ ਪੇਜਿਜ਼, ਗੱਤਾ ਅਤੇ ਕਿਤਾਬਾਂ ਕਮਿਊਨਿਟੀ ਰੀਸਾਈਕਲਿੰਗ ਸੈਂਟਰਾਂ ਵਿੱਚ ਰੀਸਾਈਕਲ ਕਰਵਾਉ।

## ਵਡੀ ਮਾਤਰਾ ਵਿੱਚ ਰੱਦੀ ਸਾਮਾਨ ਚੁਕਵਾਉਣਾ

ਜੇ ਘਰੇਲੂ ਕੂੜਾ ਕਚਰਾ ਬਹੁਤ ਜ਼ਿਆਦਾ ਹੋਵੇ ਤਾਂ ਘਰਾਂ ਦੇ ਮਾਲਕ ਉਸਨੂੰ ਚੁਕਵਾਉਣ ਲਈ ਬੇਨਤੀ ਕਰ ਸਕਦੇ ਹਨ। ਇਹਦੇ ਲਈ ਬੁਕਿੰਗ ਵਾਸਤੇ ਵੇਸਟ ਮੈਨੇਜਮੈਂਟ ਸਰਵਿਸ (Waste Management Service) ਨਾਲ 0116 252 7002 'ਤੇ ਸੰਪਰਕ ਕਰੋ।

## ਕੂੜਾ ਚੁਕਵਾਉਣ ਲਈ ਸਹਾਇਤਾ

ਜਿਹੜੇ ਵਿਅਕਤੀ ਵਡੇਰੀ ਉਮਰ ਕਾਰਨ ਅਤੇ/ਜਾਂ ਅਸਮਰਥ ਹੋਣ ਕਰਕੇ ਕੂੜਾ ਚੁੱਕੇ ਜਾਣ ਲਈ ਆਪਣਾ ਪਹੀਏਦਾਰ ਬਿਨੱ ਅਤੇ ਰੀਸਾਈਕਲਿੰਗ ਬਾਕਸ ਸੜਕ ਦੇ ਕੰਢੇ ਤਕ ਨਹੀਂ ਲਿਜਾ ਸਕਦੇ, ਉਹ ਇਹਦੇ ਲਈ ਸਹਾਇਤਾ ਵਾਸਤੇ ਬੇਨਤੀ ਕਰ ਸਕਦੇ ਹਨ। ਅਜਿਹੇ ਕੇਸਾਂ ਵਿੱਚ ਘਰੇਲੂ ਕੂੜਾ ਕਚਰਾ ਅਤੇ ਰੀਸਾਈਕਲ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਇਕ ਮੰਨੀ ਗਈ ਥਾਂ ਤੋਂ, ਜਿਵੇਂ ਕਿ ਸਾਈਡ ਗੇਟ ਤੋਂ ਚੁਕੀਆਂ ਜਾ ਸਕਦੀਆਂ ਹਨ, ਅਤੇ ਬਿੱਨ ਖ਼ਾਲੀ ਕਰਨ ਪਿਛੋਂ ਮੋੜੇ ਜਾ ਸਕਦੇ ਹਨ।

ਕੂੜਾ ਚੁਕਵਾਉਣ ਵਿੱਚ ਸਹਾਇਤਾ ਵਾਸਤੇ ਬੇਨਤੀ ਲਈ ਕਿਰਪਾ ਕਰਕੇ ਵੇਸਟ ਮੈਨੇਜਮੈਂਟ ਸਰਵਿਸ ਨਾਲ 0116 252 7002 'ਤੇ ਸੰਪਰਕ ਕਰੋ।

## ਕਮਿਊਨਿਟੀ ਰੀਸਾਈਕਲਿੰਗ ਸੈਂਟਰ

ਕਮਿਊਨਿਟੀ ਰੀਸਾਈਕਲਿੰਗ ਸੈਂਟਰ ਸ਼ਹਿਰ ਦੇ ਲੋਕਾਂ ਨੂੰ ਆਪਣੇ ਘਰਾਂ ਦੀਆਂ ਰੱਦੀ ਚੀਜ਼ਾਂ ਰੀਸਾਈਕਲ ਕਰਵਾਉਣ ਦੀ ਸਹੂਲਤ ਪ੍ਰਦਾਨ ਕਰਦੇ ਹਨ। ਇਨ੍ਹਾਂ ਸੈਂਟਰਾਂ ਦੀ, ਵਪਾਰਕ ਕੂੜੇ ਕਚਰੇ ਨੂੰ ਬੰਨੇ ਲਾਉਣ ਲਈ ਵਰਤੋਂ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਵਿੱਚ ਸਿਰਫ਼ ਘਰੇਲੂ ਕੂੜਾ ਕਚਰਾ ਲਿਆ ਜਾਂਦਾ ਹੈ।

ਲੈਸਟਰ ਵਿੱਚ ਦੋ ਕਮਿਊਨਿਟੀ ਰੀਸਾਈਕਲਿੰਗ ਸੈਂਟਰ ਹਨ। ਇਹ ਸੈਂਟਰ ਕਿਥੇ ਹਨ ਅਤੇ ਇਨ੍ਹਾਂ ਦੇ ਖੁਲ੍ਹੇ ਰਹਿਣ ਦੇ ਸਮੇਂ ਦਾ ਵੇਰਵਾ ਇਸ ਪ੍ਰਕਾਰ ਹੈ:

ਕਮਿਊਨਿਟੀ ਰੀਸਾਈਕਲਿੰਗ ਸੈਂਟਰ (Community Recycling Centre)
ਬ੍ਰਿਜ ਰੋਡ (Bridge Road)
(ਸਪੈਂਸ ਸਟ੍ਰੀਟ ਤੋਂ ਪਰ੍ਹਾਂ)
ਲੈਸਟਰ (Leicester)
ਖੁਲ੍ਹੇ ਰਹਿਣ ਦਾ ਸਮਾਂ: ਸਵੇਰੇ 8 ਤੋਂ ਰਾਤ 8 ਵਜੇ ਤਕ (ਅਪਰੈਲ-ਸਤੰਬਰ) ਸਵੇਰੇ 8 ਤੋਂ ਸ਼ਾਮ 6 ਵਜੇ ਤਕ (ਅਕਤੂਬਰ-ਮਾਰਚ)

ਕਮਿਊਨਿਟੀ ਰੀਸਾਈਕਲਿੰਗ ਸੈਂਟਰ (Community Recycling Centre)
ਆਈਲਿੰਗਟਨ ਸਟ੍ਰੀਟ (Islington Street)
ਫ੍ਰੀਮਨਜ਼ ਕਾਮਨ (Freemans Common)
ਲੈਸਟਰ (Leicester)
ਖੁਲ੍ਹੇ ਰਹਿਣ ਦਾ ਸਮਾਂ: ਸਵੇਰੇ 8 ਤੋਂ ਰਾਤ 8 ਵਜੇ ਤਕ (ਅਪਰੈਲ-ਸਤੰਬਰ) ਸਵੇਰੇ 8 ਤੋਂ ਸ਼ਾਮ 6 ਵਜੇ ਤਕ (ਅਕਤੂਬਰ-ਮਾਰਚ)

ਇਹ ਸੈਂਟਰ ਘਰਾਂ ਦੀਆਂ ਰੱਦੀ ਭਾਰੀ ਚੀਜ਼ਾਂ ਰੀਸਾਈਕਲ ਕਰਨ ਲਈ ਲੈਂਦੇ ਹਨ, ਅਤੇ ਇਨ੍ਹਾਂ ਵਿੱਚ ਹੇਠ ਲਿਖੀਆਂ ਚੀਜ਼ਾਂ ਨੂੰ ਰੀਸਾਈਕਲ ਕਰਨ ਦੀਆਂ ਸਹੂਲਤਾਂ ਹਨ –



**ਬੈਟਰੀਆਂ**
ਦੋਬਾਰਾ ਰੀਚਾਰਜ ਹੋ ਸਕਣ ਵਾਲੀਆਂ ਬੈਟਰੀਆਂ ਦੀ ਵਰਤੋਂ ਕਰੋ, ਕਿਉਂਕਿ ਇਹ ਵਾਰ ਵਾਰ ਰੀਚਾਰਜ ਕਰਵਾ ਕੇ ਵਰਤੀਆਂ ਜਾ ਸਕਦੀਆਂ ਹਨ, ਜਦ ਤਕ ਕਿ ਇਹ ਬਿਲਕੁਲ ਖ਼ਤਮ ਨਹੀਂ ਹੋ ਜਾਂਦੀਆਂ। ਤੁਸੀਂ ਆਪਣੀਆਂ ਕਾਰ ਬੈਟਰੀਆਂ ਕਮਿਊਨਿਟੀ ਰੀਸਾਈਕਲਿੰਕਗ ਸੈਂਟਰ ਵਿੱਚ ਲਿਜਾ ਕੇ ਰੀਸਾਈਕਲ ਕਰਵਾ ਸਕਦੇ ਹੋ।



**ਬਾਈਸਿਕਲ**
ਤੁਸੀਂ ਆਪਣੇ ਬਾਈਕ ਕਮਿਊਨਿਟੀ ਰੀਸਾਈਕਲਿੰਗ ਸੈਂਟਰ 'ਤੇ ਲਿਜਾ ਸਕਦੇ ਹੋ, ਕਿਉਂਕਿ ਧਾਤ ਨੂੰ ਰੀਸਾਈਕਲ ਕੀਤਾ ਜਾ ਸਕਦਾ ਹੈ।



**ਕਿਤਾਬਾਂ**
ਤੁਸੀਂ ਕਿਤਾਬਾਂ ਨੂੰ ਰੀਸਾਈਕਲਿੰਗ ਬ੍ਰਿੰਗ ਸਾਈਟਸ ਜਾਂ ਕਮਿਊਨਿਟੀ ਰੀਸਾਈਕਲਿੰਗ ਸੈਂਟਰਾਂ 'ਤੇ ਰੀਸਾਈਕਲ ਕਰਵਾ ਸਕਦੇ ਹੋ।



**ਕੈਨ**
ਅਲਮੀਨਿਅਮ ਅਤੇ ਸਟੀਲ ਦੇ ਕੈਨ ਰੀਸਾਈਕਲਿੰਗ ਬ੍ਰਿੰਗ ਸਾਈਟਸ ਜਾਂ ਕਮਿਊਨਿਟੀ ਰੀਸਾਈਕਲਿੰਗ ਸੈਂਟਰਾਂ ਵਿੱਚ ਰੀਸਾਈਕਲ ਹੋ ਸਕਦੇ ਹਨ। ਰੀਸਾਈਕਲ ਕੀਤਾ ਗਿਆ ਅਲਮੀਨੀਅਮ, ਪੀਣ ਵਾਲੇ ਪਦਾਰਥਾਂ ਦੇ ਕੈਨ, ਕਾਰਾਂ ਅਤੇ ਬਾਈਕ ਆਦਿਕ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ।



**ਗੱਤਾ**
ਤੁਹਾਨੂੰ ਵਧੀਕ ਪੈਕੇਜਿੰਗ ਵਾਲੇ ਉਤਪਾਦ ਖ਼ਰੀਦਣ ਤੋਂ ਜ਼ਰੂਰ ਸੰਕੋਚ ਕਰਨਾ ਚਾਹੀਦਾ ਹੈ, ਅਤੇ ਇਕੱਠੀਆਂ ਵਡੀ ਮਾਤਰਾ ਵਿੱਚ ਜਾਂ ਸੰਘਣੇ ਰੂਪ ਵਿੱਚ ਚੀਜ਼ਾਂ ਖ਼ਰੀਦਣੀਆਂ ਚਾਹੀਦੀਆਂ ਹਨ, ਜਿਸ ਨਾਲ ਤੁਹਾਨੂੰ ਪੈਸੇ ਦੀ ਬਚੱਤ ਹੋਵੇਗੀ ਅਤੇ ਪਰਿਆਵਰਣ ਵੀ ਸੁਰੱਖਿਅਤ ਰਹੇਗਾ। ਤੁਸੀਂ ਗੱਤੇ ਨੂੰ ਰੀਸਾਈਕਲਿੰਗ ਬ੍ਰਿੰਗ ਸਾਈਟਸ ਜਾਂ ਕਮਿਊਨਿਟੀ ਰੀਸਾਈਕਲਿੰਗ ਸੈਂਟਰਾਂ 'ਤੇ ਰੀਸਾਈਕਲ ਕਰਵਾ ਸਕਦੇ ਹੋ।



**ਫ਼ਰਨੀਚਰ**
SOFA ਨਾਂਅ ਦੀ ਇਕ ਸਥਾਨਕ ਚੈਰਿਟੀ ਫ਼ਰਨੀਚਰ ਦੀਆਂ ਪੁਰਾਣੀਆਂ ਵਰਤੋਂ ਯੋਗ ਚੀਜ਼ਾਂ ਇਕੱਠੀਆਂ ਕਰਕੇ ਅਗੋਂ ਉਣ ਲੋਕਾਂ ਨੂੰ ਦਿੰਦੀ ਹੈ। ਤੁਸੀਂ ਆਪਣੀਆਂ ਅਜਿਹੀਆਂ ਚੀਜ਼ਾਂ ਚੁਕਵਾਉਣ ਲਈ 2545283 'ਤੇ ਫ਼ੋਨ ਕਰ ਸਕਦੇ ਹੋ। ਜਾਂ ਆਪਣੀਆਂ ਬੇਲੋੜੀਆਂ ਚੀਜ਼ਾਂ ਕਮਿਊਨਿਟੀ ਰੀਸਾਈਕਲਿੰਗ ਸੈਂਟਰਾਂ 'ਤੇ ਲਿਜਾ ਸਕਦੇ ਹੋ।



**ਫ੍ਰਿਜ/ਸਫ਼ੈਦ ਸਾਮਾਨ ਅਤੇ ਬਿਜਲੀ ਦੇ ਉਪਕਰਣ**
ਤੁਸੀਂ ਬਿਜਲੀ ਦਾ ਸਾਮਾਨ, ਫ਼ਰਿਜ, ਫ਼ਰੀਜ਼ਰ ਆਦਿਕ ਰੀਸਾਈਕਲਿੰਗ ਲਈ ਕਮਿਊਨਿਟੀ ਰੀਸਾਈਕਲ ਸੈਂਟਰਾਂ 'ਤੇ ਲਿਜਾ ਸਕਦੇ ਹੋ, ਜਾਂ ਜਿਹੜਾ ਸਾਮਾਨ ਚੰਗੀ ਹਾਲਤ ਵਿੱਚ ਹੋਵੇ, ਉਹ ਖ਼ੈਰਾਤੀ ਸੰਸਥਾਵਾਂ ਨੂੰ ਦੇ ਸਕਦੇ ਹੋ। ਫ਼ਰਿਜ/ਸਫ਼ੈਦ ਸਾਮਾਨ ਰੀਸਾਈਕਲ ਕਰਕੇ ਸਟੀਲ, ਅਲਮੀਨੀਅਮ ਅਤੇ ਮਿਲੇ ਜੁਲੇ ਪਲਾਸਟਿਕ ਦੀ ਤਿਆਰੀ ਵਿੱਚ ਵਰਤਿਆ ਜਾਂਦਾ ਹੈ।



**ਸ਼ੀਸ਼ਾ**
ਸ਼ੀਸ਼ੇ ਦੀਆਂ ਬੋਤਲਾਂ ਅਤੇ ਜਾਰ ਬ੍ਰਿੰਗ ਸਾਈਟਸ ਅਤੇ ਕਮਿਊਨਿਟੀ ਰੀਸਾਈਕਲਿੰਗ ਸੈਂਟਰਾਂ ਵਿੱਚ ਰੀਸਾਈਕਲ ਕੀਤੇ ਜਾ ਸਕਦੇ ਹਨ। ਬਹੁਤ ਸਾਰੀਆਂ ਵਡੀਆਂ ਸੁਪਰਮਾਰਕਿਟਾਂ ਵਿੱਚ ਬੋਤਲ ਬੈਂਕ ਹਨ।



**ਪੱਤੇ ਆਦਿਕ/ਬਗ਼ੀਚੇ ਦਾ ਕੂੜਾ**
ਤੁਸੀਂ ਆਪਣੇ ਬਗ਼ੀਚੇ ਦੇ ਕੂੜੇ ਤੋਂ ਘਰ ਵਿੱਚ ਹੀ ਕੰਪੋਸਟ ਖਾਦ ਤਿਆਰ ਕਰ ਸਕਦੇ ਹੋ ਜਾਂ ਇਸ ਕੂੜੇ ਨੂੰ ਕਮਿਊਨਿਟੀ ਰੀਸਾਈਕਲਿੰਗ ਸੈਂਟਰ ਵਿੱਚ ਲਿਜਾ ਸਕਦੇ ਹੋ। ਇਸ ਵਿੱਚ ਬਗ਼ੀਚੇ ਵਿਚਲੇ ਬੂਟਿਆਂ ਅਤੇ ਵਾੜ ਦੀ ਕਾਂਟ ਛਾਂਟ ਤੋਂ ਹੋਣ ਵਾਲਾ ਕੂੜਾ ਅਤੇ ਦਰਖ਼ਤਾਂ ਦੇ ਮੁੱਢ ਆਦਿਕ ਸ਼ਾਮਲ ਹਨ।

ਇਸ ਤੋਂ ਬੜੀ ਵਧੀਆ ਕੰਪੋਸਟ ਖਾਦ ਤਿਆਰ ਕੀਤੀ ਜਾਂਦੀ ਹੈ, ਜੋ ਬੂਟਿਆਂ ਦੇ ਵਧਣ ਅਤੇ ਨਰੋਏ ਰਹਿਣ ਲਈ ਬੜੀ ਮੁਫ਼ੀਦ ਹੈ।



**ਧਾਤ**
ਤੁਸੀਂ ਧਾਤ ਦੀਆਂ ਰੱਦੀ ਚੀਜ਼ਾਂ ਕਮਿਊਨਿਟੀ ਰੀਸਾਈਕਲਿੰਗ ਸੈਂਟਰ ਵਿੱਚ ਛਡ ਸਕਦੇ ਹੋ। ਸਟੀਲ, ਸੌਸਪੈਨੌਂ, ਖਾਧ ਪਦਾਰਥਾਂ ਦੇ ਕੈਨ ਆਦਿਕ ਬਣਾਉਣ ਲਈ ਵਰਤਿਆ ਜਾਂਦਾ ਹੈ।



**ਤੇਲ**
ਤੁਸੀਂ ਤੇਲ (ਸਿਰਫ਼ ਮਿਨਰਲ ਆਇਲ/ਭੋਜਨ ਬਣਾਉਣ ਲਈ ਵਰਤਿਆ ਜਾਂਦਾ ਤੇਲ ਨਹੀਂ) ਰੀਸਾਈਕਲਿੰਗ ਲਈ ਕਮਿਊਨਿਟੀ ਰੀਸਾਈਕਲਿੰਗ ਸੈਂਟਰ ਲਿਜਾ ਸਕਦੇ ਹੋ।



**ਪੇਂਟ**
ਐਨਵਾਇਰਨ ਵਲੋਂ ਇਕ ਕਮਿਊਨਿਟੀ ਰੀਪੇਂਟ ਸਕੀਮ ਚਲਾਈ ਜਾਂਦੀ ਹੈ, ਜਿਸਦੇ ਤਹਿਤ ਬੇਲੋੜਾ ਪੇਂਟ ਕਮਿਊਨਿਟੀ ਗਰੁੱਪਾਂ ਆਦਿਕ ਨੂੰ ਦੇ ਦਿਤਾ ਜਾਂਦਾ ਹੈ। ਤੁਸੀਂ ਆਪਣਾ ਪੁਰਾਣਾ ਜਾਂ ਬੇਲੋੜਾ ਪੇਂਟ ਕਮਿਊਨਿਟੀ ਰੀਸਾਈਕਲਿੰਗ ਸੈਂਟਰਾਂ 'ਤੇ ਲਿਜਾ ਸਕਦੇ ਹੋ, ਜਾਂ ਜੇ ਤੁਹਾਡੇ ਕੋਲ ਇਨੀਂ ਵਡੀ ਮਾਤਰਾ ਵਿੱਚ ਪੇਂਟ ਹੈ ਕਿ ਤੁਸੀਂ ਇਸਨੂੰ ਕਿਸੇ ਦੀ ਵਰਤੋਂ ਲਈ ਦੇ ਸਕਦੇ ਹੋ, ਤਾਂ ਐਨਵਾਇਰਨ ਨੂੰ 0116 2220222 'ਤੇ ਫ਼ੋਨ ਕਰਕੇ ਇਹ ਪੇਂਟ ਲੈ ਜਾਣ ਵਾਸਤੇ ਕਹੋ।



**ਕਾਗ਼ਜ਼**
ਤੁਸੀਂ ਰੀਸਾਈਕਲ ਕੀਤੇ ਜਾਣ ਵਾਲੇ ਕਾਗ਼ਜ਼, ਅਖ਼ਬਾਰਾਂ, ਮੈਗਜ਼ੀਨਾਂ ਲਈ, ਰੀਸਾਈਕਲ ਬ੍ਰਿੰਗ ਸਾਈਟਸ ਜਾਂ ਕਮਿਊਨਿਟੀ ਰੀਸਾਈਕਲਿੰਗ ਸੈਂਟਰਾਂ ਦੇ ਪੇਪਰ-ਬੈਂਕਾਂ ਦੀ ਵਰਤੋਂ ਕਰ ਸਕਦੇ ਹੋ। ਕਾਗ਼ਜ਼, ਪੋਸਟ ਕਾਰਡ, ਅੰਡਿਆਂ ਦੇ ਬਾਕਸ, ਟਾਇਲਟ ਰੋਲ ਅਤੇ ਕਾਗ਼ਜ਼ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ।



**ਪਲਾਸਟਿਕ**
ਪਲਾਸਟਿਕ ਦੀਆਂ ਬੋਤਲਾਂ ਤੁਹਾਡੇ ਕਮਿਊਨਿਟੀ ਰੀਸਾਈਕਲਿੰਗ ਸੈਂਟਰ ਵਿੱਚ ਰੀਸਾਈਕਲ ਕੀਤੀਆਂ ਜਾ ਸਕਦੀਆਂ ਹਨ। ਇਹ ਪਲਾਸਟਿਕ, ਟ੍ਰੈਫ਼ਿਕ ਕੋਟ, ਕੋਟ ਹੈਂਗਰ, ਕੈਰੀਅਰ ਬੈਗ, ਪੈਂਸਲਾਂ, ਲੱਛੇ, ਰਜ਼ਾਈਆਂ (ਡਯੂਵੇ) ਲਈ ਫ਼ਿਲਿੰਗ, ਬਿੰਨ ਲਾਈਨਰ ਆਦਿਕ ਤਿਆਰ ਕਰਨ ਲਈ ਵਰਤਿਆ ਜਾਂਦਾ ਹੈ।



**ਮਿੱਟੀ/ਰੋੜੀ** (ਵਧ ਤੋਂ ਵਧ 5 ਬਿਨ ਬੈਗ ਜਾਂ ਇਸਦੇ ਬਰਾਬਰ)
ਇਹ ਤੁਸੀਂ ਆਪਣੇ ਕਮਿਊਨਿਟੀ ਰੀਸਾਈਕਲਿੰਗ ਸੈਂਟਰ ਵਿੱਚ ਰੀਸਾਈਕਲ ਕਰਵਾ ਸਕਦੇ ਹੋ। ਇਸਨੂੰ ਵਰਤੋਂਯੋਗ ਬਣਾ ਕੇ ਉਸਾਰੀ ਦੇ ਸਾਮਾਨ ਵਜੋਂ ਵਰਤਿਆ ਜਾਂਦਾ ਹੈ।



**ਕਪੜੇ**
ਤੁਸੀਂ ਪੁਰਾਣੇ ਕਪੜੇ ਖ਼ੈਰਾਤੀ ਸੰਸਥਾਵਾਂ ਨੂੰ ਦੇ ਸਕਦੇ ਹੋ ਜਾਂ ਰੀਸਾਈਕਲਿੰਗ ਲਈ ਰੀਸਾਈਕਲਿੰਗ ਬ੍ਰਿੰਗ ਸਾਈਟਸ ਜਾਂ ਕਮਿਊਨਿਟੀ ਰੀਸਾਈਕਲਿੰਗ ਸੈਂਟਰਾਂ ਦੇ ਟੈਕਸਟਾਈਲ ਬੈਂਕਾਂ ਦੀ ਵਰਤੋਂ ਕਰ ਸਕਦੇ ਹੋ।

ਚੰਗੀ ਕੁਆਲਿਟੀ ਦੇ ਕਪੜੇ ਘਟ ਉੱਨਤ ਦੇਸ਼ਾਂ ਨੂੰ ਭੇਜੇ ਜਾਂਦੇ ਹਨ; ਕਪੜਿਆਂ ਤੋਂ ਮੁੜ ਰੇਸ਼ਾ ਤਿਆਰ ਕੀਤਾ ਜਾਂਦਾ ਹੈ, ਜਿਸ ਤੋਂ ਕੰਬਲ, ਰਗਜ਼ (ਨਮਦੇ), ਆਵਾਜ਼ ਰੋਕਣ ਵਾਲੀ ਸਾਮਗ੍ਰੀ (sound insulation) ਕਾਰਾਂ ਦੇ ਪੈਨਲ ਅਤੇ ਸੋਫ਼ਿਆਂ ਲਈ ਪੈਡਿੰਗ ਅਤੇ ਫ਼ਿਲਿੰਗ ਬਣਾਈ ਜਾਂਦੀ ਹੈ।



**ਟਾਇਰ**
ਉਨ੍ਹਾਂ ਗਰਾਜਾਂ ਦੇ ਫ਼ੋਨ ਨੰਬਰਾਂ ਵਾਸਤੇ ਆਪਣੀ ਸਥਾਨਕ ਡਾਇਰੈਕਟਰੀ ਵੇਖੋ, ਜੋ ਟਾਇਰ ਰੀਸਾਈਕਲ ਕਰਵਾਉਂਦੇ ਹਨ।



**ਲਕੱੜੀ**
ਇਹ ਕਮਿਊਨਿਟੀ ਰੀਸਾਈਕਲਿੰਗ ਸੈਂਟਰ ਵਿੱਚ ਰੀਸਾਈਕਲ ਹੋ ਸਕਦੀ ਹੈ। ਪਰ ਅਸੀਂ ਸੈਂਟਰਾਂ ਵਿੱਚ ਰੀਸਾਈਕਲਿੰਗ ਲਈ ਮੀਡੀਅਮ ਡੈਨਸਿਟੀ ਫ਼ਾਈਬਰ ਬੋਰਡ (ਐਮ ਡੀ ਐਫ), ਲਕੱੜੀ ਦੇ ਫੱਟੇ ਜਾਂ ਚਿੱਪਬੋਰਡ ਨਹੀਂ ਲੈਂਦੇ।

**ਕਮਿਊਨਿਟੀ ਰੀਸਾਈਕਲਿੰਗ ਸੈਂਟਰਾਂ ਦੇ ਬੰਦ ਰਹਿਣ ਦੇ ਦਿਨ**

ਕਮਿਊਨਿਟੀ ਰੀਸਾਈਕਲਿੰਗ ਸੈਂਟਰ ਕ੍ਰਿਸਮਸ ਦੇ ਦਿਨ, ਬਾਕਸਿੰਗ ਡੇਅ ਅਤੇ ਨਵੇਂ ਸਾਲ ਵਾਲੇ ਦਿਨ ਬੰਦ ਰਹਿੰਦੇ ਹਨ।

**ਸੈਂਟਰਾਂ ਦੀ ਵਰਤੋਂ ਲਈ ਪਰਮਿਟ –**

ਕਾਰਾਂ ਲਈ ਪਰਮਿਟ ਲੈਣ ਦੀ ਜ਼ਰੂਰਤ ਨਹੀਂ ਹੈ। ਸਾਰੀਆਂ ਵੈਨਾਂ, ਟ੍ਰੇਲਰਾਂ ਅਤੇ 1.4 ਮੀਟਰ ਤੋਂ ਵਧ ਲੰਮੇ ਪਿਕ-ਅਪ ਵਾਹਣਾਂ ਲਈ, ਕਮਿਊਨਿਟੀ ਰੀਸਾਈਕਲਿੰਗ ਸੈਂਟਰਾਂ ਦੀ ਵਰਤੋਂ ਵਾਸਤੇ ਪਰਮਿਟ ਲੈਣਾ ਜ਼ਰੂਰੀ ਹੈ। ਹੋਰ ਸੂਚਨਾ ਅਤੇ ਪਰਮਿਟ ਲਈ ਅਰਜ਼ੀ ਦੇਣ ਵਾਸਤੇ ਲੈਸਟਰ ਸਿਟੀ ਕੌਂਸਲ ਦੀ ਵੈਬਸਾਈਟ ਦੇਖੋ ਜਾਂ ਵੇਸਟ ਮੈਨੇਜਮੈਂਟ ਲਾਈਨ ਨੂੰ 0116 252 7002 'ਤੇ ਫ਼ੋਨ ਕਰੋ।

## ਰੀਸਾਈਕਲਿੰਗ ਬ੍ਰਿੰਗ ਸਾਈਟਸ

ਲੈਸਟਰ ਵਿੱਚ 100 ਤੋਂ ਵਧ ਰੀਸਾਈਕਲਿੰਗ ਬ੍ਰਿੰਗ ਸਾਈਟਸ ਹਨ, ਜਿਥੇ ਲੋਕ ਆਪਣੇ ਘਰਾਂ ਦੀਆਂ ਫ਼ਾਲਤੂ ਰੱਦੀ ਚੀਜ਼ਾਂ ਰੀਸਾਈਕਲ ਕਰਵਾ ਸਕਦੇ ਹਨ, ਜਿਵੇਂ ਕਿ:

- ਕਿਤਾਬਾਂ
- ਕੈਨ
- ਗੱਤਾ
- ਫ਼ੱਇਲ
- ਸ਼ੀਸ਼ਾ (ਸਿਰਫ਼ ਬੋਤਲਾਂ ਅਤੇ ਜਾਰ)
- ਕਾਗ਼ਜ਼
- ਜੁੱਤੀਆਂ
- ਕਪੜੇ

ਸ਼ਹਿਰ ਦੇ ਲੋਕਾਂ ਦੇ ਸਹਿਯੋਗ ਨਾਲ, ਟੋਇਆਂ ਵਿੱਚ ਸੁਟੇ ਜਾਣ ਵਾਲੇ ਕੂੜੇ ਕਚਰੇ ਦੀ ਮਾਤਰਾ ਘਟਾਈ ਜਾ ਸਕਦੀ ਹੈ ਅਤੇ ਇਸਤਰ੍ਹਾਂ ਪਰਿਆਵਰਣ 'ਤੇ ਪੈਣ ਵਾਲਾ ਹਾਨੀਕਾਰਕ ਅਸਰ ਘਟ ਸਕਦਾ ਹੈ। ਤੁਹਾਡੇ ਸਹਿਯੋਗ ਨਾਲ **ਬਹੁਤ** ਫ਼ਰਕ ਪੈਂਦਾ ਹੈ!

<u>ਬਿਫ਼ਾ ਲੈਸਟਰ ਬਾਰੇ</u>

## <u>ਬਰਸਮ ਇੰਡਸਟ੍ਰੀਅਲ ਐਸਟੇਟ ਵਿਖੇ ਰੀਸਾਈਕਲਿੰਗ ਸੈਂਟਰ</u>

**'ਬੱਲ ਮਿਲ' ਰੀਸਾਈਕਲਿੰਗ ਪ੍ਰਕਿਰਿਆ**

ਘਰਾਂ ਦਾ ਉਹ ਸਾਰਾ ਰੱਦੀ ਸਾਮਾਨ, ਜੋ ਰੀਸਾਈਕਲਿੰਗ ਲਈ ਵਖਰੇ ਤੌਰ 'ਤੇ ਨਹੀਂ ਚੁਕਿਆ ਜਾਂਦਾ, ਬਰਸਮ ਵਿੱਚ ਰੀਸਾਈਕਲਿੰਗ ਸੈਂਟਰ ਦੀ **ਬੱਲ ਮਿਲ** 'ਤੇ ਲਿਜਾਇਆ ਜਾਂਦਾ ਹੈ। ਉਥੇ ਉਸਨੂੰ ਪੀਹ ਕੇ ਛੋਟੇ ਛੋਟੇ ਟੁਕੜੇ ਕੀਤੇ ਜਾਂਦੇ ਹਨ, ਅਤੇ ਇਨ੍ਹਾਂ ਵਖ ਵਖ ਚੀਜ਼ਾਂ ਦੇ ਟੁਕੜਿਆਂ ਨੂੰ ਵਖੋ ਵਖਰਾ ਕੀਤਾ ਜਾਂਦਾ ਹੈ। ਧਾਤਾਂ ਨੂੰ ਰੀਸਾਈਕਲ ਕੀਤਾ ਜਾਂਦਾ ਹੈ, ਆਰਗੈਨਿਕ ਪਦਾਰਥਾਂ ਤੋਂ ਕੰਪੋਸਟ ਖਾਦ ਤਿਆਰ ਕੀਤੀ ਜਾਂਦੀ ਹੈ, ਕਾਗ਼ਜ਼ ਅਤੇ ਪਲਾਸਟਿਕ ਈਂਧਣ ਦੇ ਤੌਰ 'ਤੇ ਵਰਤਿਆ ਜਾਂਦਾ ਹੈ ਅਤੇ ਬਾਕੀ ਦਾ 20% ਕੂੜਾ ਟੋਏ ਵਿੱਚ ਸੁਟਣ ਲਈ ਭੇਜ ਦਿਤਾ ਜਾਂਦਾ ਹੈ।

ਇਕੱਤਰ ਕੀਤਾ ਗਿਆ ਕੂੜਾ ਪਹਿਲਾਂ ਬਰਸਮ ਰੀਸਾਈਕਲਿੰਗ ਸੈਂਟਰ ਦੇ ਕੂੜੇ ਵਾਲੇ ਹਾਲ ਵਿੱਚ ਉਤਾਰਿਆ ਜਾਂਦਾ ਹੈ। ਏਥੋਂ ਕੂੜੇ ਨੂੰ ਇਕ ਕਨਵੇਅਰ ਬੈਲਟ ਦੁਆਰਾ 6.4 ਮੀਟਰ (21 ਫੁਟ) ਵਿਆਸ ਵਾਲੇ ਵਡੇ ਸਾਰੇ ਡ੍ਰਮ (ਜੋ ਵਾਸ਼ਿੰਗ ਮਸ਼ੀਨ ਦੇ ਵਡੇ ਡਰਮ ਵਰਗਾ ਲਗਦਾ ਹੈ) ਵਿੱਚ ਪਾਇਆ ਜਾਂਦਾ ਹੈ। ਡ੍ਰਮ ਵਿੱਚ ਬਹੁਤ ਸਾਰੀਆਂ ਸਟੀਲ ਦੀਆਂ ਗੋਲੀਆਂ ਹੁੰਦੀਆਂ ਹਨ, ਜਿਨ੍ਹਾਂ ਦਾ ਵਜ਼ਨ 5.5 ਕਿਲੋਗ੍ਰਾਮ (12 ਪੌਂਡ) ਹੁੰਦਾ ਹੈ। ਜਦੋਂ ਇਹ ਡ੍ਰਮ ਹੌਲੀ ਹੌਲੀ ਗੋਲ ਘੁੰਮਦਾ ਹੈ, ਤਾਂ ਰੱਦੀ ਮਾਲ ਦੇ ਟੁਕੜੇ ਟੁਕੜੇ ਹੋ ਜਾਂਦਾ ਹੈ।

ਅਖਬਾਰਾਂ, ਗੱਤੇ ਅਤੇ ਸੀਰੀਅਲ ਵਾਲੇ ਬਾਕਸਾਂ ਸਮੇਤ ਕਾਗ਼ਜ਼ ਅਤੇ ਪਲਾਸਟਿਕ ਦੀਆਂ ਚੀਜ਼ਾਂ ਜਿਵੇਂ ਕਿ ਖਾਧ ਪਦਾਰਥਾਂ ਅਤੇ ਪੀਣਯੋਗ ਚੀਜ਼ਾਂ ਦੇ ਕਨਟੇਨਰਾਂ, ਕਾਰਟਨਾਂ, ਬੈਗਾਂ ਅਤੇ ਹੋਰ ਪੈਕੇਜਿੰਗ ਨੂੰ ਤੋੜ ਕੇ, ਛੋਟੇ ਛੋਟੇ ਟੁਕੜੇ, ਆਮ ਕਰਕੇ 80 ਮਿਲੀਮੀਟਰ (3 ਇੰਚ) ਤੋਂ ਵਧ ਸਾਈਜ਼ ਦੇ ਟੁਕੜੇ ਕੀਤੇ ਜਾਂਦੇ ਹਨ। ਇਨ੍ਹਾਂ ਨੂੰ ਫਿਰ ਹੋਰ ਸਾਮਾਨ ਤੋਂ ਵਖ ਕੀਤਾ ਜਾਂਦਾ ਹੈ। ਇਸ ਸਾਮਾਨ ਨੂੰ ਉਥੋਂ ਚੁੱਕ ਲਿਆ ਜਾਂਦਾ ਹੈ ਅਤੇ ਹੋਰ ਕੰਪਨੀਆਂ ਵਲੋਂ ਇਸਨੂੰ ਈਂਧਣ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ।

ਧਾਤ ਦੀਆਂ ਬਣੀਆਂ ਚੀਜ਼ਾਂ ਜਿਵੇਂ ਕਿ ਟਿਨ ਕੈਨਾਂ ਅਤੇ ਪੀਣ ਵਾਲੇ ਪਦਾਰਥਾਂ ਦੇ ਕਨਟੇਨਰਾਂ, ਜੋ ਸਟੀਲ ਅਤੇ ਅਲਮੀਨੀਅਮ ਦੇ ਬਣੇ ਹੁੰਦੇ ਹਨ, ਨੂੰ ਦਬਾਅ ਕੇ ਪਧਰਾਂ ਕੀਤਾ ਜਾਂਦਾ ਹੈ। ਫਿਰ ਮਿਕਨਾਤੀਸ ਦੀ ਸਹਾਇਤਾ ਨਾਲ ਸਟੀਲ ਨੂੰ ਬਾਕੀ ਦੀਆਂ ਚੀਜ਼ਾਂ ਤੋਂ ਵੱਖ ਕੀਤਾ ਜਾਂਦਾ ਹੈ, ਅਤੇ ਅਲਮੀਨੀਅਮ ਨੂੰ ਐਡੀ-ਕਰੰਟ ਨਾਂਅ ਦੀ ਪ੍ਰਕਿਰਿਆ ਰਾਹੀਂ ਵੱਖ ਕੀਤਾ ਜਾਂਦਾ ਹੈ। ਇਹ ਗ਼ੈਰ-ਫ਼ੌਲਾਦੀ ਧਾਤ ਨੂੰ ਵੱਖ ਕਰਨ ਦੀ ਪ੍ਰਕਿਰਿਆ ਹੈ। ਸਟੀਲ ਨੂੰ ਅਲਮੀਨੀਅਮ ਤੋਂ ਵੱਖ ਕੀਤਾ ਜਾਂਦਾ ਹੈ, ਅਤੇ ਰੀਸਾਈਕਲਿੰਗ ਲਈ ਕੰਪਨੀਆਂ ਨੂੰ ਭੇਜ ਦਿਤਾ ਜਾਂਦਾ ਹੈ।

ਖਾਧ ਪਦਾਰਥਾਂ ਦੀ ਰਹਿੰਦ ਖੂੰਦ ਨੂੰ, ਜਿਸ ਵਿੱਚ ਸਬਜ਼ੀਆਂ ਦੇ ਛਿਲਕੇ, ਮਾਸ, ਪੁਰਾਣੇ ਹੋ ਚੁਕੇ ਖਾਧ ਪਦਾਰਥ, ਬਗ਼ੀਚੇ ਦਾ ਕੂੜਾ ਅਤੇ ਅਜਿਹੀਆਂ ਹੋਰ ਚੀਜ਼ਾਂ ਸ਼ਾਮਲ ਹਨ, ਵੀ ਬੱਲ ਮਿਲ ਵਿੱਚ ਸੋਧਿਆ ਜਾਂਦਾ ਹੈ। ਇਸ ''ਆਰਗੈਨਿਕ'' ਰਹਿੰਦ ਖੂੰਹ ਨੂੰ ਤੋੜ ਕੇ 5 ਮਿਲੀਮੀਟਰ (1/4 ਇੰਚ) ਤੋਂ ਘਟ ਸਾਈਜ਼ ਦੇ ਟੁਕੜੇ ਕੀਤੇ ਜਾਂਦੇ ਹਨ ਅਤੇ ਫਿਰ ਛਾਣ ਕੇ ਇਸਨੂੰ ਹੋਰ ਕੂੜੇ ਤੋਂ ਵੱਖਰਾ ਕੀਤਾ ਜਾਂਦਾ ਹੈ। ਫਿਰ ਇਸ ਸਾਰੇ ਸਾਮਾਨ ਨੂੰ ਬੰਦ ਕਨਟੇਨਰਾਂ ਵਿੱਚ ਪਾ ਦਿਤਾ ਜਾਂਦਾ ਹੈ, ਅਤੇ ਪ੍ਰਕਿਰਿਆ ਦੇ ਅਗਲੇ ਪੜਾਅ ਲਈ ਵਾਨਲਿਪ ਲਿਜਾਇਆ ਜਾਂਦਾ ਹੈ।

ਇਸ ਤੋਂ ਬਾਅਦ ਟੁੱਟੀਆਂ ਬੋਤਲਾਂ, ਪਥਰ ਰੋੜੇ ਅਤੇ ਹੋਰ ਭਾਰੀ ਸਾਮਾਨ ਬਾਕੀ ਰਹਿ ਜਾਂਦਾ ਹੈ, ਜੋ ਕੁਲ ਚੋਕੇ ਗਏ ਕੂੜੇ ਦੇ ਪੰਜਵੇਂ ਹਿਸੇ ਦੇ ਬਰਾਬਰ ਹੁੰਦਾ ਹੈ। ਕਿਉਂਕਿ ਇਸ ਸਾਮਾਨ ਦਾ ਕੁਝ ਨਹੀਂ ਕੀਤਾ ਜਾ ਸਕਦਾ, ਇਸ ਲਈ ਇਹ ਟੋਇਆਂ ਵਿੱਚ ਸੁਟਣ ਲਈ ਭੇਜ ਦਿਤਾ ਜਾਂਦਾ ਹੈ।

## ਵਾਨਲਿਪ ਸਿਊਏਜ ਟ੍ਰੀਟਮੈਂਟ ਵਰਕਸ ਵਿਖੇ ਕੰਪੋਸਟ ਤਿਆਰ ਕਰਨ ਦਾ ਕੇਂਦਰ

### ਵਾਨਲਿਪ ਵਿੱਚ ਐਨਰੋਬਿਕ ਡਾਇਜੈਸਟਰ

ਬਿਫ਼ਾ ਲੈਸਟਰ ਨੇ ਸੈਵਰਨ ਟ੍ਰੈਂਟ ਵਾਟਰ ਦੇ ਵਾਨਲਿਪ ਸਿਊਏਜ ਟ੍ਰੀਟਮੈਂਟ ਵਰਕਸ ਵਿਖੇ ਕੰਪੋਸਟ ਤਿਆਰ ਕਰਨ ਲਈ ਇਕ ਨਵਾਂ ਸੈਂਟਰ ਸਥਾਪਤ ਕੀਤਾ ਹੈ, ਜਿਸ ਵਿੱਚ ਬਰਸਮ ਰੀਸਾਈਕਲਿੰਗ ਸੈਂਟਰ ਵਲੋਂ ਤਿਆਰ ਕੀਤੇ ਗਏ ਆਰਗੈਨਿਕ ਪਦਾਰਥਾਂ ਤੋਂ ਕੰਪੋਸਟ ਤਿਆਰ ਕੀਤੀ ਜਾਵੇਗੀ। ਇਥੇ ਕੂੜੇ ਕਚਰੇ ਨੂੰ ਵਰਤੋਂ ਯੋਗ ਬਣਾਉਣ ਦਾ ਸਾਰਾ ਕੰਮ ਇਕ ਪੂਰੀ ਤਰ੍ਹਾਂ ਬੰਦ ਇਮਾਰਤ ਵਿੱਚ ਕੀਤਾ ਜਾਂਦਾ ਹੈ, ਜਿਸਦੇ ਅੰਦਰ ਹੀ ਏਅਰ-ਫ਼ਿਲਟਰ ਹਨ, ਤਾਂ ਜੋ ਬਦਬੂ ਅਤੇ ਮਿੱਟੀ ਘਟੇ 'ਤੇ ਕੰਟਰੋਲ ਕੀਤਾ ਜਾ ਸਕੇ। ਕੰਪੋਸਟ ਤਿਆਰ ਕਰਨ ਦੀ ਸਾਰੀ ਪ੍ਰਕਿਰਿਆ ਪੂਰੀ ਤਰ੍ਹਾਂ ਬੰਦ ਸਿਲਿੰਡ੍ਰਿਕਲ ਡਾਇਜੈਸਚਨ ਟੈਂਕਾਂ ਵਿੱਚ ਹੁੰਦੀ ਹੈ, ਜਿਨ੍ਹਾਂ ਵਿੱਚ ਆਰਗੈਨਿਕ ਰਹਿੰਦ ਖੂੰਦ ਨੂੰ ਤਰਲ ਰੂਪ ਦਿਤਾ ਜਾਂਦਾ ਹੈ, ਗਰਮ ਕੀਤਾ ਜਾਂਦਾ ਹੈ ਅਤੇ ਬੈਕਟੀਰੀਆ ਦੁਆਰਾ ਤੋੜਿਆ ਜਾਂਦਾ ਹੈ। ਇਹ ਪ੍ਰਕਿਰਿਆ ਸਿਊਏਜ ਟ੍ਰੀਟਮੈਂਟ ਵਰਕਸ ਵਿੱਚ ਪਹਿਲਾਂ ਹੋ ਚੁਕੀ ਪ੍ਰਕਿਰਿਆ ਵਰਗੀ ਹੀ ਹੈ। ਟੈਂਕਾਂ ਵਿੱਚ ਡਾਇਜੈਸਚਨ ਪ੍ਰਕਿਰਿਆ ਦੁਆਰਾ ਪੈਦਾ ਹੋਈ ਮੀਥੇਨ ਗੈਸ, ਬਿਜਲੀ ਤਿਆਰ ਕਰਨ ਲਈ ਵਰਤੀ ਜਾਂਦੀ ਹੈ। ਸੈਵਰਨ ਟ੍ਰੈਂਟ ਵਾਟਰ ਲਿਮਿਟਿਡ ਵਲੋਂ ਕੰਪੋਸਟ ਉਤਪਾਦ, ਜ਼ਰਾਇਤੀ ਵਰਤੋਂ ਲਈ ਵਿਕਰੀ ਵਾਸਤੇ ਪੇਸ਼ ਕੀਤਾ ਜਾਂਦਾ ਹੈ।

ਪ੍ਰਕਿਰਿਆ ਵਿੱਚ ਸ਼ਾਮਲ ਹੈ:

- ਸਾਰੇ ਕੂੜੇ ਕਚਰੇ ਨੂੰ ਵਰਤੋਂ ਯੋਗ ਬਣਾਉਣ ਦਾ ਸਾਰਾ ਕੰਮ ਇਕ ਬੰਦ ਇਮਾਰਤ ਵਿੱਚ ਹੁੰਦਾ ਹੈ, ਜਿਸਦੇ ਅੰਦਰ ਬਦਬੂ ਅਤੇ ਮਿੱਟੀ ਘਟੇ 'ਤੇ ਕੰਟਰੋਲ ਲਈ ਏਅਰ-ਫ਼ਿਲਟਰ ਯੂਨਿਟ ਬਣੇ ਹੋਏ ਹਨ।
- ਕੰਪੋਸਟ ਤਿਆਰ ਕਰਨ ਦਾ ਸਾਰਾ ਕੰਮ 5 ਪੂਰੀ ਤਰ੍ਹਾਂ, ਬੰਦ ਡਾਇਜੈਸਟਰ ਟੈਂਕਾਂ ਵਿੱਚ ਹੁੰਦਾ ਹੈ।
- ਕੰਪੋਸਟ ਤਿਆਰ ਕਰਨ ਦੀ ਪ੍ਰਕਿਰਿਆ ਦੁਆਰਾ ਪੈਦਾ ਹੋਣ ਵਾਲੀ ਮੀਥੇਨ ਗੈਸ ਤੋਂ ਬਿਜਲੀ ਦਾ ਉਤਪਾਦਨ (ਲਗਭਗ 1.5 ਮੈਗਾਵਾਟ - 1500 ਤਕ ਘਰਾਂ ਦੀਆਂ ਲੋੜਾਂ ਲਈ ਕਾਫ਼ੀ)।
- ਘਰਾਂ ਦੀ ਆਰਗੈਨਿਕ ਰਹਿੰਦ ਖੂੰਦ ਨੂੰ ਰੀਸਾਈਕਲ ਕਰਕੇ ਖੇਤੀ ਲਈ ਮੁੜ ਵਰਤੀ ਜਾ ਸਕਣ ਵਾਲੀ ਕੰਪੋਸਟ ਖਾਦ ਤਿਆਰ ਕਰਨਾ, ਜਿਸ ਨਾਲ ਰੀਸਾਈਕਲਿੰਗ ਦੇ ਟੀਚੇ ਪੂਰੇ ਹੋ ਸਕਣਗੇ।
- ਮੌਜੂਦਾ ਸਿਊਏਜ ਟ੍ਰੀਟਮੈਂਟ ਕੰਪਲੈਕਸ ਨਾਲ ਸੰਪਠਨ।
- ਲੈਸਟਰ ਵਿੱਚ ਬਰਸਮ ਦੇ ਨਵੇਂ ਰੀਸਾਇਕਲਿੰਗ ਅਦਾਰੇ ਦੇ ਇਕ ਸਿਖਿਆ ਸੈਂਟਰ ਨਾਲ CCTV ਦੁਆਰਾ ਸਿੱਧਾ ਸੰਪਰਕ।

## ਕਮਿਊਨਿਟੀ ਅਤੇ ਸਿਖਿਆ

## ਰੀਸਾਈਕਲਿੰਗ ਲਈ ਸੁਝਾਅ

ਪਰਿਆਵਰਨ ਦੇ ਪੱਖ ਤੋਂ ਤੁਸੀਂ ਕਿਵੇਂ ਇਕ ਬਿਹਤਰ ਨਾਗਰਿਕ ਬਣ ਸਕਦੇ ਹੋ, ਇਸ ਬਾਰੇ ਕੁਝ ਲਾਹੇਵੰਦੇ ਸੁਝਾਅ:

- ਆਪਣੇ ਘਰ ਦੇ ਕੂੜੇ ਕਚਰੇ ਨੂੰ ਰੀਸਾਈਕਲ ਕਰਵਾਉਣ ਲਈ ਲੈਸਟਰ ਵਿੱਚ ਕਮਿਊਨਿਟੀ ਰੀਸਾਈਕਲਿੰਗ ਸੈਂਟਰ ਅਤੇ ਵੱਖ ਵਖ ਰੀਸਾਈਕਲਿੰਗ ਬ੍ਰਿੰਗ ਸਾਈਟਸ ਦੀ ਵਰਤੋਂ ਕਰੋ।
- ਕੈਰੀਅਰ ਬੈਗਾਂ ਨੂੰ ਸੰਭਾਲ ਕੇ ਰਖੋ ਅਤੇ ਲੋੜ ਪੈਣ 'ਤੇ ਉਨ੍ਹਾਂ ਨੂੰ ਦੁਬਾਰਾ ਵਰਤੋਂ ਵਿੱਚ ਲਿਆਉ ਜਾਂ ਰੀਸਾਈਕਲਿੰਗ ਲਈ ਆਪਣੀ ਸਥਾਨਕ ਸੁਪਰਮਾਰਕਿਟ ਨੂੰ ਵਾਪਸ ਕਰ ਦਿਉ। ਇਕ ਹੋਰ ਤਰੀਕਾ ਇਹ ਹੈ ਕਿ ਖ਼ਰੀਦਾਰੀ ਲਈ ਤੁਸੀਂ ਆਪਣਾ ਬੈਗ ਵਰਤੋ ਜਾਂ ਲੰਮਾ ਸਮਾਂ ਚਲਣ ਵਾਲਾ ਬੈਗ ਖ਼ਰੀਦੋ।
- ਘਟ ਸ਼ਕਤੀ ਦੇ ਬਲਬ ਵਰਤੋ ਜੋ ਜ਼ਿਆਦਾ ਦੇਰ ਚਲਦੇ ਹਨ ਅਤੇ ਬਿਜਲੀ ਦੀ ਖਪਤ ਵੀ ਘਟ ਹੁੰਦੀ ਹੈ।
- ਘਰਾਂ ਵਿੱਚ ਪਰਿਆਵਰਨ ਲਈ ਸੁਖਾਵੇਂ ਉਤਪਾਦਾਂ ਦੀ ਵਰਤੋਂ ਕਰੋ, ਜਿਵੇਂ ਕਿ ਸਫ਼ਾਈ ਕਰਨ ਲਈ ਵਰਤੇ ਜਾਂਦੇ ਉਤਪਾਦ ਅਤੇ ਰੰਗ ਰੋਗਨ।
- ਕਾਗ਼ਜ਼ ਦੇ ਦੋਹਾਂ ਪਾਸਿਆਂ ਨੂੰ ਵਰਤੋਂ ਵਿੱਚ ਲਿਆਉ ਅਤੇ ਫ਼ਾਲਤੂ ਬਚੇ ਕਾਗ਼ਜ਼ਾਂ ਨੂੰ ਮਿਲਾ ਕੇ ਨੋਟ ਬੁਕਾਂ ਬਣਾਉ।
- ਅਖ਼ਬਾਰਾਂ, ਮੈਗਜ਼ੀਨਾਂ ਅਤੇ ਕਿਤਾਬਾਂ ਆਦਿਕ ਆਪਣੇ ਦੋਸਤਾਂ ਨਾਲ ਮਿਲ ਕੇ ਸਾਂਝੇ ਤੌਰ 'ਤੇ ਵਰਤੋ। ਤੁਸੀਂ ਕਾਗ਼ਜ਼, ਕਿਤਾਬਾਂ ਅਤੇ ਗੱਤੇ ਨੂੰ ਰੀਸਾਈਕਲਿੰਗ ਬ੍ਰਿੰਗ ਸਾਈਟਸ ਜਾਂ ਕਮਿਊਨਿਟੀ ਰੀਸਾਈਕਲਿੰਗ ਸੈਂਟਰ ਵਿੱਚ ਰੀਸਾਈਕਲ ਕਰਵਾ ਸਕਦੇ ਹੋ।
- ਇਕ ਵਾਰ ਵਰਤਣ ਤੋਂ ਬਾਅਦ ਸੁੱਟੇ ਜਾ ਸਕਣ ਵਾਲੇ ਨੈਪੀਆਂ ਦੀ ਥਾਂ ਸੂਤੀ ਜਾਂ ਦੁਬਾਰਾ ਵਰਤੇ ਜਾ ਸਕਣ ਵਾਲੇ ਨੈਪੀਆਂ ਦੀ ਵਰਤੋਂ ਕਰੋ, ਕਿਉਂਕਿ ਸੁੱਟਣਯੋਗ ਨੈਪੀ ਸਾਡੇ ਕੂੜੇ ਕਚਰੇ ਦਾ 4% ਹੁੰਦੇ ਹਨ ਅਤੇ ਉਹ ਟੋਏ ਵਿੱਚ ਪਾਉਣ ਲਈ ਭੇਜ ਦਿਤੇ ਜਾਂਦੇ ਹਨ, ਜਿਥੇ ਉਨ੍ਹਾਂ ਦੇ ਸੜਨ ਗਲਣ 'ਤੇ 500 ਸਾਲ ਤਕ ਲਗ ਸਕਦੇ ਹਨ।
- ਇਕ ਵਾਰ ਵਰਤਣ ਤੋਂ ਬਾਅਦ ਸੁਟੱਣ ਯੋਗ ਚੀਜ਼ਾਂ ਦੀ ਥਾਂ ਰੀਚਾਰਜ ਕੀਤੀਆਂ/ਦੁਬਾਰਾ ਵਰਤੀਆਂ ਜਾ ਸਕਣ ਵਾਲੀਆਂ ਚੀਜ਼ਾਂ ਇਸਤਮਾਲ ਕਰੋ, ਜਿਵੇਂ ਕਿ ਬੈਟਰੀਆਂ, ਜਿਹੜੀਆਂ ਇਕ ਤੋਂ ਵਧ ਵਾਰੀ ਵਰਤੀਆਂ ਜਾ ਸਕਦੀਆਂ ਹਨ, ਰੀਸਾਈਕਲ ਹੋ ਸਕਦੀਆਂ ਹਨ, ਜਦ ਤਕ ਕਿ ਉਹ ਪੂਰੀ ਤਰ੍ਹਾਂ ਖਤਮ ਨਹੀਂ ਹੋ ਜਾਂਦੀਆਂ।
- ਇਕ ਵਾਰੀ ਵਡੀ ਮਾਤਰਾ ਵਿੱਚ ਇਕੱਠੀਆਂ ਚੀਜ਼ਾਂ ਖ਼ਰੀਦੋ, ਤਾਂ ਜੋ ਪੈਕੇਜਿੰਗ ਦਾ ਕੂੜਾ ਕਚਰਾ ਘਟ ਹੋਵੇ। ਇਸ ਨਾਲ ਤੁਹਾਡੇ ਪੈਸੇ ਦੀ ਬਚੱਤ ਹੋਵੇਗੀ, ਅਤੇ ਨਾਲ ਪਰਿਆਵਰਨ ਸੁਰੱਖਿਅਤ ਰਹੇਗਾ।
- ਜਿਥੇ ਕਿਤੇ ਸੰਭਵ ਹੋਵੇ ਰੀਸਾਈਕਲ ਕੀਤੇ ਅਤੇ ਰੀਸਾਈਕਲ ਕਰਨ ਯੋਗ ਉਤਪਾਦ ਖ਼ਰੀਦੋ। ਰੀਸਾਈਕਲ ਚਿੰਨ ਵਾਲੇ ਉਤਪਾਦ ਲਉ।
- ਬੇਲੋੜੀਆਂ ਚੀਜ਼ਾਂ ਜਿਵੇਂ ਕਿ ਪੁਰਾਣਾ ਫ਼ਰਨੀਚਰ, ਕੰਪਿਊਟਰ ਉਪਕਰਣ ਆਦਿਕ ਖ਼ੈਰਾਤੀ ਸੰਸਥਾਵਾਂ, ਕਮਿਊਨਿਟੀ ਗਰੁੱਪਾਂ ਆਦਿਕ ਨੂੰ ਦੇ ਦਿਉ, ਕਿਉਂਕਿ ਹੋ ਸਕਦਾ ਹੈ ਕਿ ਇਹ ਕਿਸੇ ਹੋਰ ਦੇ ਕੰਮ ਆ ਜਾਣ।
- ਚੀਜ਼ਾਂ ਸੰਭਾਲ ਕੇ ਰਖਣ ਲਈ ਪੁਰਾਣੇ ਜਾਰ, ਬੋਤਲਾਂ, ਪਲਾਸਟਿਕ ਦੇ ਕਨਟੇਨਰ ਅਤੇ ਗੱਤੇ ਦੇ ਬਾਕਸ ਆਦਿਕ ਮੁੜ ਵਰਤੇ ਜਾ ਸਕਦੇ ਹਨ।
- ਰਸੋਈ ਅਤੇ ਬਗ਼ੀਚੇ ਦੇ ਕੂੜੇ ਕਚਰੇ ਤੋਂ ਕੰਪੋਸਟ ਖਾਦ ਬਣਾਉ। ਤੁਸੀਂ ਬਗ਼ੀਚੇ ਦੇ ਕੂੜੇ ਕਚਰੇ ਨੂੰ ਕਮਿਊਨਿਟੀ ਰੀਸਾਈਕਲਿੰਗ ਸੈਂਟਰ 'ਤੇ ਲਿਜਾ ਸਕਦੇ ਹੋ ਜਾਂ ਘਰ ਵਿੱਚ ਹੀ ਇਸਤੋਂ ਕੰਪੋਸਟ ਤਿਆਰ ਕਰ ਸਕਦੇ ਹੋ।
- ਇਕ ਵਾਰ ਵਰਤਣ ਤੋਂ ਬਾਅਦ ਸੁੱਟਣਯੋਗ ਚੀਜ਼ਾਂ ਜਿਵੇਂ ਕਿ ਕਾਗ਼ਜ਼ ਅਤੇ ਪਲਾਸਟਿਕ ਦੇ ਕੱਪ, ਰੇਜ਼ਰ ਆਦਿਕ ਦੀ ਵਰਤੋਂ ਤੋਂ ਸੰਕੋਚ ਕਰੋ। ਸਕੂਲ ਜਾਂ ਕਾਰਜ ਸਥਾਨ 'ਤੇ ਡਿਸਪੋਜ਼ੇਬਲ ਮੱਗ ਦੀ ਥਾਂ ਦੇਰ ਤਕ ਚਲਣ ਵਾਲੇ ਮੱਗ ਦੀ ਵਰਤੋਂ ਕਰੋ।
- ਅਜਿਹੇ ਪੈਨ ਪੈਂਸਲਾਂ ਖ਼ਰੀਦੋ, ਜਿਨ੍ਹਾਂ ਵਿੱਚ ਰੀਫ਼ਿਲ ਪੈ ਸਕਣ।

# ਅਕਸਰ ਪੁੱਛੇ ਜਾਂਦੇ ਸਵਾਲ

**ਰੀਸਾਈਕਲਿੰਗ ਕੀ ਹੈ?**

ਰੀਸਾਈਕਲਿੰਗ ਸਰਲ ਹੈ। ਇਸਦਾ ਮਤਲਬ ਹੈ ਕਿਸੇ ਪੁਰਾਣੀ ਚੀਜ਼ ਨੂੰ ਇਕ ਨਵੀਂ ਚੀਜ਼ ਦਾ ਰੂਪ ਦੇਣਾ। ਇਸ ਦੁਆਰਾ ਰੱਦੀ ਚੀਜ਼ਾਂ ਨੂੰ ਬਹੁਮੁੱਲੇ ਸਰੋਤਾਂ ਵਿੱਚ ਬਦਲਿਆ ਜਾਂਦਾ ਹੈ, ਜੋ ਆਰਥਕ, ਸਮਾਜਕ ਅਤੇ ਪਰਿਆਵਰਣ ਦੇ ਪਖ ਤੋਂ ਲਾਭਦਾਇਕ ਹਨ। ਰੀਸਾਈਕਲ ਕੀਤੀਆਂ ਜਾ ਸਕਣ ਵਾਲੀਆਂ ਚੀਜ਼ਾਂ ਨੂੰ ਚੁਣ ਕੇ ਇਕ ਵਿਸ਼ੇਸ਼ ਪ੍ਰਕਿਰਿਆ ਰਾਹੀਂ ਕੱਚੇ ਮਾਲ ਵਿੱਚ ਬਦਲਿਆ ਜਾਂਦਾ ਹੈ ਅਤੇ ਫਿਰ ਇਸ ਤੋਂ ਨਵੇਂ ਉਤਪਾਦ ਤਿਆਰ ਕੀਤੇ ਜਾਂਦੇ ਹਨ, ਮਿਸਾਲ ਦੇ ਤੌਰ 'ਤੇ ਤੁਹਾਡੀਆਂ ਪੁਰਾਣੀਆਂ ਪਲਾਸਟਿਕ ਦੀਆਂ ਬੋਤਲਾਂ ਨੂੰ ਰੀਸਾਈਕਲ ਕਰਕੇ ਇਕ ਫ਼ਲੀਸ ਜੈਕਿਟ ਬਣਾਈ ਜਾ ਸਕਦੀ ਹੈ।

**ਕਿਉਂ ਰੀਸਾਈਕਲ ਕਰੋ?**

ਕੂੜੇ ਕਚਰੇ ਨੂੰ ਰੀਸਾਈਕਲ ਕਰਨਾ ਮਹਤੱਵਪੂਰਨ ਹੈ, ਕਿਉਂਕਿ ਇਸ ਨਾਲ ਪ੍ਰਦੂਸ਼ਣ ਘਟ ਹੁੰਦਾ ਹੈ, ਊਰਜਾ ਅਤੇ ਸਾਡੇ ਕੁਦਰਤੀ ਸਾਧਨਾਂ ਦੀ ਬਚੱਤ ਹੁੰਦੀ ਹੈ, ਸਨਅਤ ਨੂੰ ਬਹੁਮੁੱਲਾ ਕੱਚਾ ਮਾਲ ਮਿਲਦਾ ਹੈ, ਕੂੜੇ ਵਾਲੇ ਟੋਏ ਛੇਤੀ ਨਹੀਂ ਭਰਦੇ, ਨੌਕਰੀਆਂ ਨਿਕਲਦੀਆਂ ਹਨ ਅਤੇ ਤੁਹਾਡੇ ਪੈਸੇ ਦੀ ਬਚੱਤ ਹੁੰਦੀ ਹੈ।

**ਰੀਸਾਈਕਲ ਕੀਤੀਆਂ ਚੀਜ਼ਾਂ**

ਰੀਸਾਈਕਲ ਕੀਤੀਆਂ ਚੀਜ਼ਾਂ ਖ਼ਰੀਦਣ ਦੇ ਆਰਥਕ ਅਤੇ ਪਰਿਆਵਰਣ ਦੋਹਾਂ ਦੀ ਦ੍ਰਿਸ਼ਟੀ ਤੋਂ ਫ਼ਾਇਦੇ ਹਨ। ਰੀਸਾਈਕਲ ਕੀਤੇ ਪਦਾਰਥਾਂ ਤੋਂ ਤਿਆਰ ਚੀਜ਼ਾਂ ਜਾਂ ਇਨ੍ਹਾਂ ਪਦਾਰਥਾਂ ਦੀ ਪੈਕਿਜ਼ਿੰਗ ਵਾਲੀਆਂ ਚੀਜ਼ਾਂ ਖ਼ਰੀਦ ਕੇ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਰੋਤ ਬਚਾਅ ਸਕਦੇ ਹਾਂ।

**ਕੂੜਾ ਕਚਰਾ ਚੁਕਣ ਦੀ ਸੇਵਾ**

**1. ਧਾਤਾਂ - ਕੈਨ/ਟਿਨ**

ਤੁਹਾਨੂੰ ਕੈਨ ਅਤੇ ਟਿਨ ਆਪਣੇ ਪਹੀਏਦਾਰ ਬਿੰਨਾ ਵਿੱਚ ਸੁਟਣੇ ਚਾਹੀਦੇ ਹਨ, ਕਿਉਂਕਿ ਇਨ੍ਹਾਂ ਵਿਚਲੇ ਕੂੜੇ 'ਚੋਂ ਧਾਤਾਂ (ਸਟੀਲ ਅਤੇ ਅਲਮੀਨੀਅਮ) ਸਾਡੇ ਰੀਸਾਈਕਲਿੰਗ ਸੈਂਟਰ ਵਿੱਚ ਮਸ਼ੀਨਾਂ ਦੀ ਸਹਾਇਤਾ ਨਾਲ ਵੱਖ ਕੀਤੀਆਂ ਜਾਂਦੀਆਂ ਹਨ, ਅਤੇ ਰੀਸਾਇਕਲਿੰਗ ਲਈ ਸੰਬੰਧਤ ਥਾਵਾਂ 'ਤੇ ਭੇਜ ਦਿਤੀਆਂ ਜਾਂਦੀਆਂ ਹਨ।

**2. ਰੀਸਾਈਕਲ ਕੀਤੇ ਜਾਣ ਯੋਗ ਪਲਾਸਟਿਕ ਦੀਆਂ ਵਧੀਕ ਚੀਜ਼ਾਂ**

ਜੇ ਤੁਹਾਡੇ ਕੋਲ ਰੀਸਾਈਕਲਿੰਗ ਵਾਸਤੇ ਏਨੀਆਂ ਜ਼ਿਆਦਾ ਪਲਾਸਟਿਕ ਦੀਆਂ ਬੋਤਲਾਂ ਹਨ, ਕਿ ਉਹ ਸਾਰੀਆਂ ਰੀਸਾਈਕਲਿੰਗ ਬਾਕਸ ਵਿੱਚ ਨਹੀਂ ਆ ਸਕਦੀਆਂ, ਤਾਂ ਉਨ੍ਹਾਂ ਨੂੰ ਪਲਾਸਟਿਕ ਦੇ ਇਕ ਬੈਗ ਵਿੱਚ ਪਾ ਕੇ ਰੀਸਾਈਕਲਿੰਗ ਬਾਕਸ ਦੇ ਉਪਰ ਰਖ ਦਿਉ। ਪਲਾਸਟਿਕ ਦੀਆਂ ਬੋਤਲਾਂ ਨੂੰ ਬਾਕਸ ਵਿੱਚ ਸੁਟਣ ਤੋਂ ਪਹਿਲਾਂ ਦਬਾਅ ਕੇ ਮਰੋੜ ਦਿਉ, ਕਿਉਂਕਿ ਇਸਤਰ੍ਹਾਂ ਰੀਸਾਈਕਲਯੋਗ ਵਧੇਰੇ ਚੀਜ਼ਾਂ ਬਾਕਸ ਵਿੱਚ ਆ ਸਕਣਗੀਆਂ।

**3. ਪਲਾਸਟਿਕ ਬੋਤਲਾਂ ਦੀਆਂ ਕਿਸਮਾਂ**

ਸਾਨੂੰ 2 ਕਿਸਮਾਂ ਚਾਹੀਦੀਆਂ ਹਨ; HD ਜਾਂ HDPE ਜੋ ਦੁੱਧ, ਸ਼ੈਂਪੂ, ਸੁਕੈਸ਼ ਆਦਿਕ ਦੀਆਂ ਬੋਤਲਾਂ ਲਈ ਵਰਤੀ ਜਾਂਦੀ ਹੈ ਅਤੇ PE ਜਾਂ PET ਜੋ ਪੀਣ ਵਾਲੇ ਫ਼ਿਜ਼ੀ ਪਦਾਰਥਾਂ ਲਈ ਵਰਤੀ ਜਾਂਦੀ ਹੈ। ਧਿਆਨ ਨਾਲ ਇਹ ਚਿੰਨ੍ਹ ਵੇਖੋ: 

ਜਾਂ 


**4. ਗੱਤਾ**

ਕਿਰਪਾ ਕਰਕੇ ਗੱਤੇ ਨੂੰ ਪਹੀਏਦਾਰ ਬਿੰਨ ਵਿੱਚ ਪਾਉ ਅਤੇ ਰੀਸਾਈਕਲਿੰਗ ਬਾਕਸ ਵਿੱਚ ਨਹੀਂ। ਤੁਹਾਡੇ ਬਿੰਨ ਵਿਚੋਂ ਚੁਕਿਆ ਜਾਣ ਵਾਲਾ ਗੱਤਾ, ਬੱਲ ਮਿਲ ਲਿਜਾਇਆ ਜਾਂਦਾ ਹੈ, ਜਿਥੇ ਇਸਨੂੰ ਵੱਖ ਕਰਕੇ ਕੰਪੋਸਟ ਤਿਆਰ ਕਰਨ ਲਈ ਵਰਤਿਆ ਜਾ ਸਕਦਾ ਹੈ, ਜਾਂ ਇਸਨੂੰ 'ਫ਼ਲੱਕ' ਵਿੱਚ ਬਦਲ ਦਿਤਾ ਜਾਂਦਾ ਹੈ ਅਤੇ ਸੀਮੰਟ ਦੇ ਭੱਠੇ ਵਿੱਚ ਫ਼ਾਸਿਲ ਈਂਧਣ ਦੀ ਥਾਂ ਵਰਤਿਆ ਜਾਂਦਾ ਹੈ। ਇਸਨੂੰ ਪੇਪਰ ਬੈਂਕ ਜਾਂ ਕਮਿਊਨਿਟੀ ਰੀਸਾਈਕਲਿੰਗ ਸੈਂਟਰਾਂ ਵਿੱਚ ਰੀਸਾਈਕਲ ਵੀ ਕੀਤਾ ਜਾ ਸਕਦਾ ਹੈ।

**5. ਰੀਸਾਈਕਲਿੰਗ ਬਾਕਸ ਲਈ ਢਕਣ**

ਤੁਸੀਂ ਲੈਸਟਰ ਸਿਟੀ ਕੌਂਸਲ ਦੀ ਵੇਸਟ ਮੈਨੇਜਮੈਂਟ ਸਰਵਿਸ ਨੂੰ 0116 252 7002 'ਤੇ ਫ਼ੋਨ ਕਰਕੇ ਆਪਣੇ ਬਾਕਸ ਲਈ ਢਕਣ ਲੈਣ ਵਾਸਤੇ ਬੇਨਤੀ ਕਰ ਸਕਦੇ ਹੋ। ਪਰ ਕੂੜਾ ਚੁਕਵਾਉਣ ਲਈ ਬਾਕਸ ਜਦੋਂ ਬਾਹਰ ਰਖਦੇ ਹੋ, ਤਾਂ ਕਿਰਪਾ ਕਰਕੇ ਉਸ ਉਪਰ ਢਕਣ ਨਾਂਹ ਰਹਿਣ ਦਿਉ। ਇਹ ਚਿੰਤਾ ਨਾਂਹ ਕਰੋ ਕਿ ਬਾਰਸ਼ ਹੋਣ ਦੀ ਹਾਲਤ ਵਿੱਚ ਬਾਕਸ ਵਿਚਲੀਆਂ ਚੀਜ਼ਾਂ ਗਿਲੀਆਂ ਹੋ ਜਾਣਗੀਆਂ। ਬਾਕਸ ਵਿੱਚ ਸੁਰਾਖ਼ ਹਨ, ਇਸਲਈ ਜੇ ਬਾਰਸ਼ ਹੋਵੇ ਤਾਂ ਪਾਣੀ ਬਾਹਰ ਨਿਕਲ ਜਾਏਗਾ।

**6. ਦੂਜਾ ਬਾਕਸ**

ਜੇ ਤੁਹਾਡਾ ਬਾਕਸ ਭਰ ਜਾਂਦਾ ਹੈ ਅਤੇ ਤੁਹਾਡੀਆਂ ਰੀਸਾਈਕਲ ਕਰਨ ਯੋਗ ਸਾਰੀਆਂ ਚੀਜ਼ਾਂ ਇਸ ਵਿੱਚ ਨਹੀਂ ਆਉਂਦੀਆਂ, ਤਾਂ ਤੁਸੀਂ ਲੈਸਟਰ ਸਿਟੀ ਕੌਂਸਲ ਦੀ ਵੇਸਟ ਮੈਨੇਜਮੈਂਟ ਸਰਵਿਸ ਨੂੰ 0116 252 7002 'ਤੇ ਫ਼ੋਨ ਕਰਕੇ ਇਕ ਹੋਰ ਬਾਕਸ ਲੈਣ ਵਾਸਤੇ ਬੇਨਤੀ ਕਰ ਸਕਦੇ ਹੋ। ਪਰ ਇਹਦੇ ਲਈ ਜਾਂਚ ਕੀਤੀ ਜਾਵੇਗੀ।

**7. ਕੂੜਾ ਚੁਕਵਾਉਣ ਲਈ ਸਹਾਇਤਾ**

ਕੂੜਾ ਚੁਕਵਾਉਣ ਲਈ ਸਹਾਇਤਾ ਦੀ ਮੌਜੂਦਾ ਸੇਵਾ ਬਜ਼ੁਰਗਾਂ ਅਤੇ ਅਸਮਰੱਥ ਵਿਅਕਤੀਆਂ ਲਈ ਹੈ, ਜਿਨ੍ਹਾਂ ਨੂੰ ਕੂੜਾ ਚੁਕਵਾਉਣ ਲਈ ਬਾਕਸ ਚੁਕਕੇ ਬਾਹਰ ਰਖਣ

ਵਿੱਚ ਮੁਸ਼ਕਲ ਹੁੰਦੀ ਹੈ। ਜੇਕਰ ਤੁਸੀਂ ਆਪਣਾ ਕੂੜਾ ਚੁਕਵਾਉਣ ਲਈ ਸਹਾਇਤਾ ਸੇਵਾ ਦੀ ਵਰਤੋਂ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਲੈਸਟਰ ਸਿਟੀ ਕੌਂਸਲ ਦੀ ਵੇਸਟ ਮੈਨੇਜਮੈਂਟ ਸਰਵਿਸ ਨੂੰ 0116 252 7002 'ਤੇ ਫ਼ੋਨ ਕਰੋ।

**8. ਬਾਕਸਾਂ ਲਈ ਨੋਟ**

ਜੇ ✓ ਲਿਸਟ ਵਿੱਚ ਦਰਜ ਚੀਜ਼ਾਂ ਨੂੰ ਛਡ ਕੇ ਕੋਈ ਹੋਰ ਸਾਮਾਨ ਤੁਹਾਡੇ ਰੀਸਾਈਕਲਿੰਗ ਬਾਕਸ ਵਿੱਚ ਪਿਆ ਮਿਲੇਗਾ, ਤਾਂ ਉਹ ਨਹੀਂ ਚੁਕਿਆ ਜਾਵੇਗਾ ਅਤੇ ਤੁਹਾਡੇ ਬਾਕਸ ਵਿੱਚ ਇਕ ਨੋਟ ਛਡ ਦਿਤਾ ਜਾਵੇਗਾ ਕਿ ਇਸ ਬਾਕਸ ਵਿੱਚ ਤੁਸੀਂ ਕੀ ਚੀਜ਼ਾਂ ਸੁੱਟ ਸਕਦੇ ਹੋ। ਇਸਤਰ੍ਹਾਂ ਛਡੀਆਂ ਗਈਆਂ ਚੀਜ਼ਾਂ ਕਿਰਪਾ ਕਰਕੇ ਆਪਣੇ ਪਹੀਏਦਾਰ ਬਿੱਨ ਵਿੱਚ ਪਾਉ।

**9. ਪਹੀਏਦਾਰ ਬਿੱਨਾਂ ਲਈ ਨੋਟ**

ਤੁਹਾਡੇ ਪਹੀਏਦਾਰ ਬਿੱਨ ਖ਼ਾਲੀ ਨਹੀਂ ਕੀਤੇ ਜਾਣਗੇ ਅਤੇ ਉਸ ਵਿੱਚ ਇਕ ਨੋਟ ਛਡ ਦਿਤਾ ਜਾਵੇਗਾ, ਜੇਕਰ ਉਸ ਵਿੱਚ ਅਜਿਹਾ ਕੂੜਾ ਹੋਵੇਗਾ, ਜੋ ਅਸੀਂ ਨਹੀਂ ਚੁਕਦੇ, ਜਿਵੇਂ ਕਿ ਕਨਕਰੀਟ/ਮਲਬਾ, ਕਾਰ ਦੇ ਹਿਸੇ, ਜੋਖਮ ਵਾਲਾ ਕੂੜਾ, ਡਾਕਟਰੀ ਸਾਮਾਨ ਦੀ ਰਹਿੰਦ ਖੂੰਦ, ਜਾਂ ਜੇਕਰ ਬਿੱਨ ਮੂੰਹੋਂ ਮੂੰਹ ਭਰਿਆ ਹੋਇਆ ਹੋਵੇ, ਬਹੁਤ ਵਜ਼ਨ ਵਾਲਾ ਕੂੜਾ ਹੋਵੇ, ਜਾਂ ਜੇ ਅਸੀਂ ਬਿੱਨ ਤਕ ਪਹੁੰਚ ਨਾਂਹ ਸਕਦੇ ਹੋਈਏ।

**10. ਤੁਹਾਡੇ ਕੂੜੇ ਕਚਰੇ ਦਾ ਕੀ ਕੀਤਾ ਜਾਂਦਾ ਹੈ?**

ਰੀਸਾਈਕਲ ਕਰਨ ਦੇ ਯੋਗ ਖ਼ੁਸ਼ਕ ਚੀਜ਼ਾਂ ਜਿਵੇਂ ਕਿ ਕਾਗਜ਼ਾਂ ਅਤੇ ਪਲਾਸਟਿਕ ਨੂੰ ਕਸਕੇ ਗੰਢਾਂ ਦੀ ਸ਼ਕਲ ਵਿੱਚ ਬੰਨ੍ਹਕੇ ਰੀ-ਪ੍ਰੋਸੈਸਰਾਂ ਨੂੰ ਰੀਸਾਈਕਲਿੰਗ ਵਾਸਤੇ ਭੇਜ ਦਿਤਾ ਜਾਂਦਾ ਹੈ।

ਤੁਹਾਡੇ ਬਿਨ ਵਿਚਲਾ ਸਾਰਾ ਘਰੇਲੂ ਕੂੜਾ ਕਚਰਾ ਬਰਸਮ ਦੇ ਰੀਸਾਈਕਲਿੰਗ ਸੈਂਟਰ ਵਿੱਚ ਲਿਜਾਇਆ ਜਾਂਦਾ ਹੈ, ਜਿਥੇ ਇਸਨੂੰ ਮਸ਼ੀਨਾਂ ਦੀ ਸਹਾਇਤਾ ਨਾਲ ਵੱਖ ਵੱਖ ਕੀਤਾ ਜਾਂਦਾ ਹੈ -

- ਧਾਤਾਂ (ਖਾਧ ਪਦਾਰਥਾਂ ਅਤੇ ਪੀਣ ਵਾਲੇ ਪਦਾਰਥਾਂ ਦੇ ਸਟੀਲ ਅਤੇ ਅਲਮੀਨੀਅਮ ਦੇ ਬਣੇ ਕੈਨਾਂ) ਨੂੰ ਵਖ ਕਰਕੇ ਅੰਤਮ ਤੌਰ 'ਤੇ ਵਰਤੋਂ ਯੋਗ ਬਣਾਉਣ ਲਈ ਭੇਜ ਦਿਤਾ ਜਾਂਦਾ ਹੈ।
- ਭਰਪੂਰ ਆਰਗੈਨਿਕ ਚੀਜ਼ਾਂ ਨੂੰ ਹੋਰ ਸੋਧਣ ਲਈ ਇਹ ਵੈਨਲਿਪ ਦੇ ਕੰਪੋਸਟ ਤਿਆਰ ਕਰਨ ਵਾਲੇ ਅਦਾਰੇ ਨੂੰ ਭੇਜ ਦਿਤੀਆਂ ਜਾਂਦੀਆਂ ਹਨ। ਤਿਆਰ ਵਾਲੀ ਕੰਪੋਸਟ ਖਾਦ ਜ਼ਰਾਇਤੀ ਭੂਮੀ ਲਈ ਵਰਤੀ ਜਾਂਦੀ ਹੈ ਅਤੇ ਇਸ ਪ੍ਰਕਿਰਿਆ ਵਿੱਚ ਤਿਆਰ ਹੋਣ ਵਾਲੀ ਬਿਜਲੀ ਨੈਸ਼ਨਲ ਗ੍ਰਿਡ ਨੂੰ ਸਪਲਾਈ ਕੀਤੀ ਜਾਂਦੀ ਹੈ (ਇਹ 1500 ਘਰਾਂ ਦੀਆਂ ਲੋੜਾਂ ਲਈ ਕਾਫ਼ੀ ਹੈ)।
- ਕੂੜੇ ਤੋਂ ਤਿਆਰ ਕੀਤਾ ਗਿਆ ਗ਼ੈਰ-ਫ਼ਾਸਿਲ ਈਂਧਣ ਸੀਮੰਟ ਦੀ ਸਨਅਤ ਵਿੱਚ ਵਰਤਿਆ ਜਾਂਦਾ ਹੈ।

ਜੋ ਕੂੜਾ ਕਚਰਾ ਕਿਸੇ ਤਰ੍ਹਾਂ ਵੀ ਵਰਤੋਂ ਯੋਗ ਨਾਂਹ ਹੋਵੇ, ਉਸਨੂੰ ਇਕੱਠਾ ਕਰਕੇ ਟੋਏ ਵਿੱਚ ਸੁੱਟਣ ਲਈ ਭੇਜ ਦਿਤਾ ਜਾਂਦਾ ਹੈ।

## ਸਾਡੇ ਨਾਲ ਸੰਪਰਕ ਕਰੋ

**ਕਸਟਮਰ ਸਰਵਿਸ ਸੈਂਟਰ (Customer Service Centre)**
'ਬੀ' ਬਲਾਕ ('B' Block)
ਨਿਊ ਵੱਕ ਸੈਂਟਰ (New Walk Centre)
ਵੈਲਫ਼ੋਰਡ ਪਲੇਸ (Welford Place)
ਲੈਸਟਰ (Leicester)
LE1 6ZG

**ਵੇਸਟ ਮੈਨੇਜਮੈਂਟ ਸਰਵਿਸ ਲਾਈਨ (Waste Management Service line)**

ਖੁਲ੍ਹੇ ਰਹਿਣ ਦਾ ਸਮਾਂ
ਸੋਮਵਾਰ ਤੋਂ ਸ਼ੁਕਰਵਾਰ: ਸਵੇਰੇ 8.30 ਤੋਂ ਰਾਤ 5 ਵਜੇ ਤਕ

(0116) 252 7002 (ਟੈਲੀਫ਼ੋਨ)
(0116) 255 9289 (ਫ਼ੈਕਸ)

ਈ-ਮੇਲ: environment.helpline@leicester.gov.uk